ਸਾਥੀ ਕਾਰਲ ਮਾਰਕਸ

ਪੁਰਾਣੀ ਤੇ ਨਵੀਂ ਦੁਨੀਆਂ

ਪਬਲਿਸ਼ਰਜ਼-ਸਰਜੀਤ ਐਂਡ ਕੰਪਨੀ
ਰੇਲਵੇ ਰੋਡ, ਜਾਲੰਧਰ ਸ਼ਹਿਰ ।

ਵਾਦ ੧੦੦੦ ਮੋਖ-ਚਾਰ ਆਨੇ

LAHORE LIBRARY

Harkishan Singh Surjeet
23897
28-2-2005

Signature of the author, Harkishan Singh Surjeet, aging 97 years. Obtained by Jiregta OSRCA during the visit of the former to Lehere, on the 28/2/2005

ਸਮਰਪਨ

ਉਹਨਾਂ ਦੀ ਯਾਦ ਵਿਚ ਜਿਹੜੇ ਬੇ-ਮਿਆਦੇ (ਸ਼ਾਹੀ ਕੈਦੀਆਂ ਦੀ ਹੈਸੀਅਤ ਵਿਚ) ਜੇਲਾਂ ਵਿਚ ਬੰਦ ਹਨ ਤੇ ਪਿੰਡਾਂ ਵਿਚ ਨਜ਼ਰਬੰਦ ਹਨ।

ਮੁਖ ਬੰਦ

ਢੇਰ ਚਿਰ ਹੋਇਆ ਕਿਰਤੀ ਅਖਬਾਰ ਵਿਚ ਇਮਪੀਰਲਿਜ਼ਮ ਤੇ ਸੋਸ਼ਲਿਜ਼ਮ ਬਾਰੇ ਕੁਝ ਲੇਖ ਛਪੇ ਸਨ। ਜਿਹਨਾ ਨੂੰ ਕਿ ਪੜ੍ਹਨ ਵਾਲਿਆਂ ਨੇ ਬਹੁਤ ਹੀ ਪਸੰਦ ਕੀਤਾ ਸੀ। ਹੁਣ ਸਾਰਿਆਂ ਪਾਸਿਆਂ ਤੋਂ ਮੰਗ ਆਈ ਪਈ ਉਹਨਾਂ ਲੇਖਾਂ ਨੂੰ ਮੁੜ ਪੁਸਤਕ ਦੀ ਸ਼ਕਲ ਵਿਚ ਛਾਪਿਆ ਜਾਵੇ। ਇਸ ਮੰਗ ਨੂੰ ਮੁਹਰੇ ਰਖਦੇ ਹੋਏ ਅਸੀਂ ਉਹਨਾਂ ਸਾਰੇ ਲੇਖਾਂ ਨੂੰ ਪੁਰਾਨੇ ਪਰਚਿਆਂ ਵਿਚੋਂ ਕਠਾ ਕਰਕੇ ਤੁਹਾਡੇ ਪੇਸ਼ ਕਰਦੇ ਹਾਂ।

ਇਹਨਾਂ ਲੇਖਾਂ ਦਾ ਮਜ਼ਮੂਨ ਜੁਦਾ ਜੁਦਾ ਹੈ, ਕੋਈ ਤਾਂ ਇਹ ਦਸਦਾ ਹੈ ਪਈ ਸਰਮਾਏਦਾਰੀ ਕਿਦਾਂ ਪੈਦਾ ਹੋਈ, ਕੋਈ ਇਹ ਦਸਦਾ ਹੈ ਕਿ ਦੁਨੀਆਂ ਵਿਚ ਗਰੀਬਾਂ ਤੇ ਮਜ਼ਦੂਰਾਂ ਦੀ ਕਿਸ ਤਰਾਂ ਲੁਟ ਖਸੁਟ ਹੁੰਦੀ ਹੈ, ਕੋਈ ਇਸ ਤੇ ਚਾਨਣ ਪਾਉਂਦਾ ਹੈ ਕਿ ਬੇਕਾਰੀ ਤੇ ਭੁਖ ਨੰਗ ਸਰਮਾਏਦਾਰੀ ਪ੍ਰਬੰਧ ਦੀ ਕਿਸ ਤਰ੍ਹਾਂ ਸਾਥਨ ਹੈ। ਨਾਲ ਈ ਏਸ ਗਲ ਨੂੰ ਭੀ ਖੋਲਕੇ ਬਿਆਨ ਕੀਤਾ ਹੈ ਕਿ ਇਮਪੀਰਲਿਜ਼ਮ ਯਾ ਸਮ੍ਰਾਜ਼ਸ਼ਾਹੀ ਦੀਆਂ ਜੜ੍ਹਾਂ ਕਿਨੀਆਂ ਕੁ ਡੂੰਗੀਆਂ ਹਨ। ਸਮ੍ਰਾਜਸ਼ਾਹੀ ਦਾ ਮਤਲਬ ਕਿਸੇ ਇਕ ਕੌਮ ਦਾ ਦੂਸਰੀ ਕੌਮ ਉਤੇ ਲੁਟ ਖਸੁਟ ਦੀ ਖਾਤਰ ਰਾਜ ਕਰਨਾ ਹੈ।

ਲੇਖ ਤੇ ਭਾਂਵੇ ਜੁਦਾ ਜੁਦਾ ਹਨ, ਪਰ ਇਹ ਸਾਰੀ ਲੜੀ ਇਕ ਧਾਗੇ ਨਾਲ ਪਰੋਈ ਹੋਈ ਹੈ। ਅਰ ਉਹ ਧਾਗਾ ਹੈ ਸੋਸ਼ਲਿਜ਼ਮ ਦਾ। ਇਸ ਪੁਸਤਕ ਵਿਚ

ਸਾਰੀਦੁਨੀਆਂ ਨੂੰ ਸਾਂਝੀ ਵਾਲਤਾ ਦੀ ਨਿਗਾਹ ਨਾਲ ਦੇਖਿਆ ਹੋਇਆ ਹੈ ਅਤੇ ਨਾਲ ਹੀ ਇਹ ਸਾਫ ਕਰਨ ਦੀ ਕੋਸ਼ਿਸ਼ ਕੀਤੀ ਹੋਈ ਹੈ । ਕਿ ਕਿਓਂ ? ਜਿਨਾਂ ਚਿਰ ਦੁਨੀਆਂ ਵਿਚ ਸੋਸ਼ਲਿਜ਼ਮ ਦੇ ਅਸੂਲਾਂ ਹੇਠ ਨਵਾਂ ਪ੍ਰਬੰਧ ਚਾਲੂ ਨਹੀਂ ਹੋਵੇਗਾ ਉਤਨਾ ਚਿਰ ਸਰਮਾਏਦਾਰੀ ਦੀ ਲੁਟ ਖਸੁਟ ਜਾਰੀ ਰਹੇਗੀ ਤੇ ਸਰਮਾਏਦਾਰ ਆਪਣੇ ਹਲਵੇ ਮੰਡੇ ਦੀ ਖਾਤਰ ਦੁਨੀਆਂ ਦੀ ਮਜ਼ਦੂਰ ਤੇ ਗ਼ਰੀਬ ਜਨਤਾ ਦਾ ਲਹੂ ਚੂਸੀ ਜਾਣਗੇ।

ਕਈ ਲੇਖ ਐਸੇ ਭੀ ਹਨ ਜੋਹੜੇ ਕਿ ਅਜ ਕਲ ਦੇ ਰੂਸ ਦਾ ਹਾਲ ਦਸਦੇ ਹਨ। ਨਿਰਾ ਹਾਲ ਹੀ ਨਹੀਂ ਦਸਦੇ ਸਗੋਂ ਅਸੂਲ ਭੀ ਸਮਝੌਂਦੇ ਹਨ ਪਈ ਓਥੇ ਜਨਤਾ ਸੁਖੀ ਵਸਦੀ ਹੈ ਤਾਂ ਕਿਹੜੇ ਅਸੂਲਾਂ ਦਵਾਰਾ। ਕਿਓਂਕਿ ਜਿਦਾਂ ਗਡੀ ਇੰਜਨ ਬਿਨਾਂ ਨਹੀਂ ਚਲ ਸਕਦੀ, ਅਸੂਲਾਂ ਤੇ ਬਿਨਾਂ ਭੀ ਕੋਈ ਪ੍ਰਬੰਧ ਚਾਲੂ ਨਹੀਂ ਹੋ ਸਕਦਾ। ਇਸ ਵਾਸਤੇ ਇਸ ਵਿਚ ਉਹ ਅਸੂਲ ਵੀ ਸਮਝਾਏ ਹਨ ਜਿਹਨਾਂ ਦੇ ਮੁਤਾਬਿਕ ਰੂਸ ਦਾ ਪ੍ਰਬੰਧ ਚਲਦਾ ਹੈ।

ਇਕ ਪਾਸੇ ਪੁਰਾਣੇ ਪ੍ਰਬੰਧ ਦੀ ਭਿਆਨਕ ਤਸਵੀਰ ਤੇ ਦੂਜੇ ਪਾਸੇ ਰਜਕੇ ਰੋਟੀ ਖਾਂਦੀ ਜਨਤਾ ਦਾ ਨਜ਼ਾਰਾ ਅਖੀਆਂ ਅਗੇ ਰਖਦੇ ਹੋਏ, ਇਸ ਪੁਸਤਕ ਦਾ ਨਾਮ ਭੀ ਪੁਰਾਨੀ ਤੇ ਨਵੀਂ ਦੁਨੀਆਂ ਰਖਿਆ ਹੈ।

੧੯ ਮਈ ੧੯੩੭ — ਹਰਿਕਿਸ਼ਨ ਸਿੰਘ 'ਸੁਰਜੀਤ'

ਸਰਮਾਏਦਾਰ ਸਮਾਜ ਕਿਸ ਤਰ੍ਹਾਂ ਬਣਿਆ ਹੋਇਆ ਹੈ !

ਲੁਟ ਖਸੁਟ ਸ੍ਮਾਏਦਾਰ ਸਮਾਜ ਦੀ ਨੀਂਹ ਹੈ।

ਸਰਮਾਏਦਾਰ ਸਮਾਜ ਵਿਚ ਸਾਰੀਆਂ ਫੈਕਟਰੀਆਂ, ਮਸ਼ੀਨਾਂ, ਰੇਲਾਂ, ਖਾਨਾਂ, ਅਸਟੇਟਾਂ, ਜਹਾਜ਼ਾਂ ਅਤੇ ਬੈਂਕ, ਆਦਿਕ ਸਰਮਾਏਦਾਰ ਸ਼੍ਰੇਣੀ ਦੀ ਮਾਲਕੀ ਹਨ।

ਮਿਲਾਂ ਤੇ ਫੈਕਟਰੀਆਂ ਬਹੁਤ ਸਾਰੀਆਂ ਚੀਜ਼ਾਂ ਬਣਾਉਂਦੀਆਂ ਹਨ। ਏਹ ਸਾਫ ਗਲ ਹੈ ਕਿ ਫੈਕਟਰੀ ਦੇ ਮਾਲਕ ਨੂੰ ਏਨ੍ਹਾਂ ਚੀਜ਼ਾਂ ਦੀ ਕੋਈ ਚਾਹ ਨਹੀਂ, ਕਿਉਂਕਿ ਉਸ ਨੂੰ ਇਨ੍ਹਾਂ ਚੀਜ਼ਾਂ ਨੂੰ ਆਪਣੀ ਨਿਜੀ ਵਰਤੋਂ ਵਿਚ ਲਿਆਉਣ ਲਈ ਲੋੜ ਨਹੀਂ। ਉਸ ਦੀ ਚਾਹ ਸਿਰਫ ਆਪਣੇ ਕਾਰਖਾਨੇ ਦੀ ਪੈਦਾਵਾਰ ਦੀ ਬਿਕਰੀ ਦੁਆਰਾ ਪ੍ਰਾਪਤ ਕੀਤੇ ਗਏ **ਨਫੇ** ਨਾਲ ਹੈ। ਨਿਰਸੰਦੇਹ ਹੈਨਰੀ ਫੋਰਡ ਆਪਣੇ ਵਾਸਤੇ ਭਾਵੇਂ ਨਿਤ ਇਕ ਨਵੀਂ ਮੋਟਰ ਲੈ ਲਵੇ, ਉਸ ਲਈ ਮਨੀਨੇ ਵਿਚ ੩੦ ਮੋਟਰਾਂ ਕਾਫੀ ਹੋਣਗੀਆਂ, ਪਰ ਹੁਣੇ ਜਿਹੇ ਉਹ ਮਹੀਨੇ ਦੀ ਪੰਜਾਹ ਹਜ਼ਾਰ ਮੋਟਰ ਬਣਾ ਰਿਹਾ ਸੀ ਜਦ ਕਿ ਚਾਰ ਸਾਲ ਪਹਿਲਾਂ ਜਾਂ ਮੰਦਵਾੜੇ ਤੋਂ ਪਹਿਲਾਂ ਉਹ ਮਹੀਨੇ ਦੀ ਦੋ ਲੱਖ ਮੋਟਰ ਬਣਾਇਆ ਕਰਦਾ ਸੀ।

ਸਰਮਾਏਦਾਰੀ ਕਾਰੋਬਾਰਾਂ ਵਿਚ ਤਿਆਰ ਕੀਤੀਆਂ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.